# ਭੁਖ

ਠੱਕ, ਠੱਕ, ਠੱਕ, । ਕਾਲਜ ਹੋਸਟਲ ਦੇ ਇਕ ਕਮਰੇ ਦਾ ਬੂਹਾ ਖੜਕਿਆ। "ਆਈਏ, ਆਈਏ" ਵਿਦਿਆਰਥੀ ਨੇ ਬੂਹਾ ਲਾਹ ਕੇ ਕਿਹਾ। ਬਾਹਰ ਉਸ ਦਾ ਦੋਸਤ ਕਹਾਣੀ ਕਾਰ ਖਲੋਤਾ ਸੀ। ਮੁੰਡਾ ਉਸ ਦੇ ਆਉਣ ਤੇ ਦਿਲੋਂ ਪ੍ਰਸੰਨ ਸੀ। ਕਹਾਣੀ ਲਿਖਣ ਦਾ ਗੁਣ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ। ਹਰ ਇਕ ਆਦਮੀ ਤਸੀਲ-ਦਾਰੀ ਤੇ ਕਰ ਸਕਦਾ ਹੈ ਪਰ ਕਹਾਣੀਆਂ ਤੇ ਨਹੀਂ ਨਾ ਲਿਖ ਸਕਦਾ । ਕਹਾਣੀਕਾਰ ਵੀ ਮੁੰਡੇ ਨੂੰ ਮਿਲ ਕੇ ਖ਼ੁਸ਼ ਸੀ । ਉਸ ਨੂੰ ਤਾਹਡੀ ਭੁਖ ਲੱਗੀ ਹੋਈ ਸੀ ਤੇ ਜੇਬ ਖ਼ਾਲੀ ਸੀ । ਪੈਸੇ ਹੁੰਦਿਆਂ ਨਾਗ਼ਾ ਕਰਨਾ ਇਕ ਅਮੀਰੀ ਹੈ ਪਰ ਥੁੜ ਵਿਚ ਨਾਗ਼ਾ ਬੜਾ ਔਖਾ ਲੱਗਦਾ ਹੈ, ਪਤਾ ਨਹੀਂ ਹੌਮੈ ਨੂੰ ਸੱਟ ਲੱਗਣ ਕਰਕੇ, ਜਾਂ ਰੋਟੀ ਮਿਲਣੀ ਅਸੰਭਵ ਵੇਖ ਕੇ ਉਸ ਦੀ ਲਾਲਸਾ ਵਧਣ ਕਰਕੇ।

ਹੋਸਟਲ ਆਉਣ ਤੋਂ ਪਹਿਲਾਂ ਉਹ ਹੱਥ ਤੇ ਹੱਥ ਧਰ ਕੇ ਨਹੀਂ ਸੀ ਬੈਠਾ ਰਿਹਾ । ਪੈਸੇ ਮੰਗਣ ਦੇ ਖ਼ਿਆਲ ਨਾਲ ਉਹ ਆਪਣੇ ਪਬਲਿਸ਼ਰ ਦੀ ਦੁਕਾਨ ਤੇ ਗਿਆ ਸੀ ਪਰ ਉਸ ਦੀਆਂ ਗੱਲਾਂ ਦੇ ਝੁੱਖੜ ਵਿਚ ਕਹਾਣੀਕਾਰ ਦੀ ਇਹ ਬੇਥੱਵੀ ਜਹੀ ਮੰਗ ਸਿਰ ਨਹੀਂ ਚੁਕ ਸਕੀ ਸੀ । ਪਬਲਿਸ਼ਰ ਆਪਣੀਆਂ ਨਵੀਆਂ ਛਪੀਆਂ ਕਿਤਾਬਾਂ ਤੇ ਹਾਲ ਛਪਣ ਵਾਲੀਆਂ ਕਿਤਾਬਾਂ ਦੇ ਖਰੜੇ

ਉਸ ਨੂੰ ਵਿਖਾਂਦਾ ਰਿਹਾ, ਇਸ ਤਰ੍ਹਾਂ ਚਾ ਨਾਲ ਜਿਵੇਂ ਮਾਂ ਆਪਣਾ ਨਵਾਂ ਜੰਮਿਆ ਪੁਤਰ ਕਿਸੇ ਨੂੰ ਵਿਖਾ ਰਹੀ ਹੋਵੇ। ਫਿਰ ਉਹ ਆਪਣੇ ਲੇਖਕਾਂ ਦੀਆਂ ਸਿਫਤਾਂ ਕਰਦਾ ਰਿਹਾ। ਹੁਣ ਉਸ ਨੂੰ ਮੈਦਾਨ ਸਾਫ ਜਾਪਦਾ ਸੀ। ਸਾਰੇ ਚੰਗੇ ਲੇਖਕ ਆਪਣੀਆਂ ਕਿਤਾਬਾਂ ਉਸੇ ਕੋਲੋਂ ਹੀ ਛਪਵਾਂਦੇ ਸਨ। ਛੇਤੀ ਹੀ ਉਹ ਇਕ ਮਾਸਕ ਪੱਤਰ ਕੱਢਣ ਵਾਲਾ ਸੀ। ਬੱਸ ਇਸੇ ਦਾ ਹੀ ਘਾਟਾ ਸੀ। ਮਾਸਕ ਪੱਤਰ ਤੋਂ ਬਿਨਾ ਪ੍ਰਾਪੇਗੰਡਾ ਨਹੀਂ ਹੋ ਸਕਦਾ। ਲਿਖਾਰੀਆਂ ਦਾ ਭਵਿਖਤ ਡਾਹਡਾ ਚੰਗਾ ਜਾਪਦਾ ਸੀ। ਪੜ੍ਹਣ ਲਿਖਣ ਵੱਲ ਲੋਕਾਂ ਦੀਆਂ ਰੁਚੀਆਂ ਵਧ ਰਹੀਆਂ ਸਨ ਤੇ ਸਮੇਂ ਦੀ ਉੱਨਤੀ ਨਾਲ ਵੇਹਲ ਵੀ ਵਧੇਰਾ ਹੋਵੇਗਾ।

ਅਜੇ ਤਕ ਕਹਾਣੀਕਾਰ ਤੋਂ ਪੈਸੇ ਨਹੀਂ ਮੰਗੇ ਗਏ ਸਨ। ਕੀ ਬਹਾਨਾ ਕਰੇ। ਜੇ ਟਾਂਗੇ ਤੇ ਆਉਂਦਾ ਤਾਂ ਕਹਿ ਦਿੰਦਾ ਕਿ ਟਾਂਗੇ ਵਾਲੇ ਦੇ ਪੈਸੇ ਵਧੇਰੇ ਹੋ ਗਏ ਹਨ। ਫਿਰ ਕੁਝ ਉਸ ਨੂੰ ਦੇ ਦਿੰਦਾ ਤੇ ਕੁਝ ਆਪ ਰੋਟੀ ਵਾਸਤੇ ਰੱਖ ਲੈਂਦਾ। ਜੇ ਉਸ ਦੇ ਨਾਲ ਕੋਈ ਹੋਰ ਅਦਮੀ ਹੁੰਦਾ ਤਾਂ ਮੰਗਾ ਕੇ ਝਟ ਪਟ ਉਸ ਨੂੰ ਫੜਾ ਦਿੰਦਾ ਜਿਵੇਂ ਉਸ ਦੀ ਸਹਾਇਤਾ ਕਰ ਰਿਹਾ ਹੁੰਦਾ ਹੈ, ਪਰ ਆਪਣੇ ਲਈ ਉਹ ਕਿਸ ਤਰ੍ਹਾਂ ਮੰਗ ਸਕਦਾ ਸੀ। ਇਸ ਘਬਰਾਹਟ ਵਿਚ ਉਸ ਨੂੰ ਹੋਸਟਲ ਦੀ ਯਾਦ ਆ ਗਈ। ਹੋਸਟਲ ਵਿਚੋਂ ਰੋਟੀ ਤੇ ਗੱਲਾਂ ਬਾਤਾਂ ਕਰਦਿਆਂ ਹੀ ਖਾਧੀ ਜਾ ਸਕਦੀ ਸੀ। ਕਿਸੇ ਵੱਖਰੇ ਯਤਨ ਦੀ ਲੋੜ ਨਹੀਂ ਸੀ।

ਵਿਦਿਆਰਥੀ ਕਹਾਣੀਕਾਰਾਂ ਨੂੰ ਖ਼ਾਸਾ ਜਵਾਹਰ ਲਾਲ ਨਹਿਰੂ ਸਮਝਦਾ ਸੀ। ਕਿਸ ਤਰ੍ਹਾਂ ਉਹ ਬੈਠੇ ਬੈਠੇ ਆਪਣੇ ਦਿਮਾਗ਼ ਵਿਚੋਂ ਹੀ ਇਕ ਦੋ ਘੰਟਿਆਂ ਵਿਚ ਹੀ ਕੋਈ ਸੁੰਦਰ ਘਟਨਾ ਕੱਢ ਲੈਂਦੇ ਜੋ ਹਜ਼ਾਰਾਂ ਵਿਚ ਛਪ ਕੇ ਲੱਖਾਂ ਦੀਆਂ ਅੱਖਾਂ ਅਗੋਂ ਲੰਘਦੀ।

ਇਹ ਘਟਨਾਂ ਲੋਕਾਂ ਨੂੰ ਜਾਗਦਿਆਂ ਰੱਖਦੀ, ਉਹਨਾਂ ਦੇ ਮਨ ਵਿਚ ਪਲਟੇ ਲਿਆਉਂਦੀ, ਉਹਨਾਂ ਨੂੰ ਇਕ ਵਖਰਾ ਜਿਹਾ ਸਵਾਦ ਦੇਂਦੀ ਜੇਹੜਾ ਨਾ ਜੀਭ ਦਾ ਸਵਾਦ ਸੀ ਨਾ ਕੰਨਾਂ ਦਾ ਸਵਾਦ ਨਾ ਅਖਾਂ ਦਾ ਸਵਾਦ ਨਾ ਸੁੰਘਣ ਦਾ ਤੇ ਨਾ ਛੋਹ ਦਾ। ਕਿਸ ਤਰ੍ਹਾਂ ਉਹ ਬੰਦੇ ਦੇ ਮਨ ਨੂੰ ਕਿਤਾਬ ਵਾਂਗ ਪੜ੍ਹਦੇ ਤੇ ਸ਼ੀਸ਼ੇ ਵਾਂਗ ਪ੍ਰਗਟ ਕਰ ਦਿੰਦੇ। ਉਸ ਆਪ ਕਈ ਵੇਰ ਕਹਾਣੀ ਲਿਖਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਅਜ ਇਕ ਕਹਾਣੀ ਕਾਰ ਉਸ ਦੇ ਸਾਹਮਣੇ ਬੈਠਾ ਸ਼ੀ। ਕਾਸ਼ ਕਿ ਉਸ ਦੀ ਕੋਈ ਖ਼ਾਸ ਵਰਦੀ ਹੁੰਦੀ ਤੇ ਬਰਾਂਡ ਵਿਚ ਫਿਰਦੇ ਮੁੰਡੇ ਪਹਿਚਾਣ ਲੈਂਦੇ ਕਿ ਉਸ ਦੇ ਕਮਰੇ ਵਿਚ ਇਕ ਕਹਾਣੀਕਾਰ ਬੈਠਾ ਹੈ। ਇਸ ਤਰ੍ਹਾਂ ਹੋਸਟਲ ਦੇ ਮੁੰਡਿਆਂ ਵਿਚ ਉਸਦਾ ਮਾਨ ਵਧ ਜਾਂਦਾ। ਮੁੰਡੇ ਵੀ ਉਸ ਦੇ ਕਮਰੇ ਦਵਾਲੇ ਝੁਰਮਟ ਪਾ ਦਿੰਦੇ। ਜੇ ਉਹ ਉਸ ਦੇ ਸਿਰਜੇ ਹੋਏ ਪਾਤਰਾਂ ਨਾਲ ਪਿਆਰ ਕਰ ਸਕਦੇ ਸਨ ਤਾਂ ਉਸ ਲਈ ਜ਼ਰੂਰ ਉਹਨਾਂ ਦੇ ਦਿਲ ਵਿਚ ਖਿਚ ਹੋਵੇਗੀ। ਕਈ ਮੁੰਡੇ ਗੁਸਾ ਕਰਦੇ ਹੁੰਦੇ ਸਨ ਕਿ ਅਖਬਾਰਾਂ ਵਾਲੇ ਕਿਸੇ ਸਮਾਗਮ ਤੇ ਇਕਤਰ ਹੋਏ ਆਦਮੀਆਂ ਦੇ ਨਾਂ ਛਾਪਣ ਲਗੇ ਕਵੀਆਂ ਤੇ ਕਹਾਣੀਕਾਰਾਂ ਦੇ ਨਾਂ ਸਭ ਤੋਂ ਅਖੀਰ ਤੇ ਛਾਪਦੇ ਸਨ।

"ਅਜ ਖ਼ਿਆਲਾਂ ਦੀ ਦੁਨੀਆਂ ਵਿਚੋਂ ਦਵਾਲੇ ਦੀ ਦੁਨੀਆਂ ਵਲ ਵੀ ਧਿਆਨ ਕੀਤਾ ਜੇ ?" ਵਿਦਿਆਰਥੀ ਨੇ ਚਾਅ ਨਾਲ ਗਲ ਛੇੜੀ।

"ਜੇ ਦਵਾਲੇ ਦੀ ਦੁਨੀਆਂ ਵਲ ਧਿਆਨ ਨਾ ਦੇਈਏ ਤਾਂ ਖਿਆਲਾਂ ਦੀ ਦੁਨੀਆਂ ਬੇਸਵਾਦ ਜਹੀ ਰਹਿੰਦੀ ਏ।"

"ਬਹੁਤਾ ਕੁਝ ਦਵਾਲਿਉਂ ਵੇਖ ਕੇ ਹੀ ਲਿਖਦੇ ਓ।"

"ਆਹੋ ਜੀ ਦਵਾਲਿਉਂ ਈ ਕੋਈ ਚੀਜ਼ ਵੇਖੀ ਦੀ ਏ।

ਤੇ ਫਿਰ ਉਸਨੂੰ ਆਪਣੇ ਸੱਚੇ ਵਿਚ ਢਾਲ ਕੇ ਆਪਣੀ ਰੰਗਤ ਦੇਈ ਦੀ ਏ। ਜਿਵੇਂ ਮਿਟੀ ਦੀਆਂ ਇਟਾਂ ਬਣ ਜਾਂਦੀਆਂ ਨੇ।"

"ਪਰ ਇਹ ਮਿਟੀ ਤੋਂ ਇਟਾਂ ਤੁਸੀਂ ਹਰ ਵੇਲੇ ਬਣਾ ਸਕਦੇ ਹੋ ਜਾਂ ਕੇਵਲ ਜਦੋਂ ਭਖੇ ਹੋਏ ਹੋਵੇ।"

'ਨਹੀਂ ਭਖਾ ਤੋਂ ਬਿਨਾਂ ਨਹੀਂ ਬਣਦੀਆਂ।"

"ਤੇ ਇਹ ਭਖਾ ਕਿਸ ਤਰ੍ਹਾਂ ਆਉਂਦਾ ਏ ?"

"ਕਈ ਵਰ ਤੇ ਕੋਈ ਪੁਰਾਣਾ ਖਿਆਲ ਈ ਏਜ਼ਾ ਤਤਾ ਹੁੰਦਾ ਏ ਕਿ ਭਖਾ ਲੈ ਆਉਂਦਾ ਏ ਪਰ ਕਈ ਵੇਰ ਭਖਾ ਆਪ ਲਿਆਉਣਾ ਪੈਂਦਾ ਏ।' ਕਹਾਣੀਕਾਰ ਨੇ ਸ਼ੋਖ ਜਹੀਆਂ ਅਖਾਂ ਬਣਾਂਦੇ ਹੋਏ ਕਿਹਾ

"ਅਛਾ ਮੈਂ ਤੁਹਾਡੀ ਰੋਟੀ ਲਿਆਵਾਂ" ਵਿਦਿਆਰਥੀ ਨੇ ਝਕਦੇ ਝਕਦੇ ਪੁਛਿਆ। ਹੋ ਸਕਦਾ ਸੀ ਕਿ ਕਹਾਣੀਕਾਰ ਕਦੀ ਰੋਟੀ ਖਾਂਦਾ ਹੀ ਨਾ ਹੋਵ।

"ਨਹੀਂ ਨਹੀਂ ਰੋਟੀ ਨਹੀਂ ਖਾਣੀ।" ਕਹਾਂਣੀਕਾਰ ਨੇ ਛੇਤੀ ਨਾਲ ਜਵਾਬ ਦਿਤਾ ਜਿਵੇਂ ਉਸ ਨੂੰ ਡਰ ਹੋਵੇ ਕਿ ਕਿਸੇ ਉਸਦੀ ਲੁਕਵੀਂ ਮਨਸ਼ਾ ਬੁਝ ਲਈ ਹੈ।

"ਕਿਉਂ ਰੋਟੀ ਕਿਉਂ ਨਹੀਂ ਖਾਣੀ?"

"ਮੇਰੇ ਘਰ ਵਾਲੇ ਗੁਸੇ ਹੁੰਦੇ ਨੇ। ਉਹਨਾਂ ਦੇ ਖਿਆਲ ਵਿਚ ਮੈਂ ਬਹੁਤ ਅਵਾਰਾ ਹੋ ਗਿਆ ਵਾਂ। ਸਾਡੀ ਆਦਤ ਏ ਫਿਟਦੇ ਫਿਰਾਂਦੇ ਰਹਿਣਾ। ਰਾਤ ਨੂੰ ਵੀ ਸੁਤੇ ਸੁਤੇ, ਨਾ ਸੁਤੇ ਨਾ ਹੀ ਸੁਤੇ।" ਆਖਰ ਤੁਹਾਡਾ 'ਭਖਾ' ਵੀ ਤੇ ਲਿਆਉਣਾ ਹੋਇਆ ਨਾ ਤੇ ਘਰ ਦਿਆਂ ਨੂੰ ਇਹ ਗੱਲਾਂਸੋਚਾਂ ਵਿਚ ਪਾ ਦਿੰਦੀਆਂ ਨੇ ਪਈ ਮੁੰਡਾ ਖ਼ਰਾਬ ਹੋ ਗਿਆ ਏ। ਅਗਲੇ ਦਿਨ ਮੇਰੇ ਕਮਰੇ ਵਿਚ ਕਵੀ ਬਿਅੰਤ ਕੌਰ ਆ ਗਈ। ਮੇਰੀ ਮਾਂ ਨੇ ਵੇਖ ਲਿਆ ਤੇ ਲੁੱਕ ਕੇ ਗੱਲਾਂ ਸੁਣਨ ਲੱਗ ਪਈ। ਗੱਲਾਂ ਵੀ ਅਸੀਂ

ਨੰਗੀਆਂ ਜਹੀਆਂ ਹੀ ਕਰਦੇ ਪਏ ਸਾਂ। ਪਿਛੋਂ ਮਾਂ ਪੁਛੇ ਤੇਰੇ ਕੋਲ ਇਹ ਕੁੜੀ ਕੌਣ ਸੀ। ਮੈਂ ਬਤੇਰਾ ਆਖਾਂ ਕਿ ਇਹ ਬਿਅੰਤ ਕੌਰ ਸੀ। ਬੜੀ ਪ੍ਰਸਿਧ ਕਵੀ ਏ ਪਰ ਉਹ ਮੰਨੇ ਨਾ। ਅਖ਼ੀਰ ਇਕ ਦਿਨ ਅਖਬਾਰ ਵਿਚ ਉਸ ਦੀ ਫ਼ੋਟੋ ਆਈ। ਮੈਂ ਕਿਹਾ 'ਮਾਂ ਵੇਖ ਇਹੋ ਹੀ ਸੀ ਨਾ ਉਹ ਕੁੜੀ।' ਘਰ ਵਿਚ ਜੀ ਬੜੀਆਂ ਬੰਦਸ਼ਾਂ ਹੁੰਦੀਆਂ ਨੇ, ਹੋਸਟਲ ਵਿਚ ਤੇ ਬਸ ਮੌਜਾਂ ਹੀ ਮੌਜਾਂ। ਇਸੇ ਹੋਸਟਲ ਵਿਚ ਉਰਦੂ ਦਾ ਕਹਾਣੀਕਾਰ ਕ੍ਰਿਸ਼ਨ ਚੰਦਰ ਰਹਿੰਦਾ ਹੁੰਦਾ ਸੀ। ਬੜੀ ਖਪ ਪਾਂਦੇ ਹੁੰਦੇ ਸਾਂ ਓਦੋਂ ਇਥੇ। ਪਹਿਲੀ ਕਹਾਣੀ ਲਿਖ ਕੇ ਉਸ ਸੁਣਾਈ ਸਾਨੂੰ ਆਪਣੇ ਕਮਰੇ ਵਿਚ। ਅਸਾਂ ਕਿਹਾ 'ਕ੍ਰਿਸ਼ਨ ਕਹਾਣੀ ਤੇ ਚੰਗੀ ਏ ਪਰ ਤੇਰੀ ਨਹੀਂ।' ਕਹਿਣ ਲਗਾ ਮੈਂ ਤੁਹਾਨੂੰ ਇਕ ਹੋਰ ਲਿਖ ਦੇਨਾਂ ਵਾਂ। ਅਸਾਂ ਬਾਹਰੋਂ ਕੁੰਡਾ ਲਾ ਦਿਤਾ। ਚਾਰ ਘੰਟਿਆਂ ਵਿਚ ਉਸ ਹੋਰ ਕਹਾਣੀ ਲਿਖਕੇ ਸਾਨੂੰ ਵਿਖਾਈ। ਅਸਾਂ ਕਿਹਾ ਬਈ ਠੀਕ। ਇਕ ਨਵਾਂ ਕਹਾਣੀਕਾਰ ਜੰਮਿਆਂ ਏ ਅੱਜ। ਪਰ ਹੁਣ ਤੇ ਉਹ ਕੁਝ ਮੱਧਮ ਪੈ ਗਿਆ ਏ। ਅਗਲੇ ਦਿਨ ਇਕ ਆਦਮੀ ਆਇਆ, ਕਹਿਣ ਲੱਗਾ ਇਕ ਕਿਤਾਬ ਛਪਵਾਣੀ ਏ "ਸੂਬਿਆਂ ਵਿਚੋਂ"। ਹਰ ਇਕ ਸੂਬੇ ਦੀ ਇਕ ਇਕ ਵਧੀਆ ਕਹਾਣੀ ਅੰਗਰੇਜ਼ੀ ਵਿਚ ਉਲਥਾ ਕਰ ਕੇ ਚਾਰਾਂ ਕਹਾਣੀਅ ਦਾ ਸੰਗ੍ਰਹਿ ਛਾਪਣਾ ਏ। ਪੰਜਾਬ ਵਲੋਂ ਕਹਾਣੀ ਤੁਸੀਂ ਦਿਓ। ਮੈਂ ਉਹਨੂੰ ਸਮਝਾਇਆ ਪਈ ਪੰਜਾਬ ਵਿਚ ਤੇ ਸਭ ਤੋਂ ਵਧੀਆ ਕਹਾਣੀ ਕ੍ਰਿਸ਼ਨ ਚੰਦਰ ਲਿਖਦਾ ਏ, ਉਸਦੀ ਕੋਈ ਕਹਾਣੀ ਰੱਖੋ। ਆਖੇ ਨਹੀਂ ਉਸ ਦਾ ਸਮਾਂ ਲੰਘ ਗਿਆ ਏ। ਮੁੰਡਿਆਂ ਨਾਲੋਂ ਕੁੜੀਆਂ ਕਹਾਣੀ ਬਾਰ ਚਗੀ ਰਾਏ ਦੇ ਸਕਦੀਆਂ ਹਨ ਤੇ ਬਹੁਤ ਸਾਰੀਆਂ ਕੁੜੀਆਂ ਮੈਨੂੰ ਕਿਹਾ ਹੈ ਕਿ ਤੁਸੀਂ ਹੀ ਸਭ ਤੋਂ ਚੰਗੀ ਕਹਾਣੀ ਲਿਖਦੇ ਹੋ ਤੇ ਮੇਰਾ ਆਪਣਾ ਵੀ ਇਹੋ ਹੀ ਖ਼ਿਆਲ ਏ। ਬਸ ਤੁਸੀਂ ਮੈਨੂੰ ਆਪਣੀ ਇਕ ਕਹਾਣੀ ਲਈ ਆਗਿਆ ਲਿਖ

ਦਿਓ। ਅਗੋ ਵੀ ਮੇਰੀਆਂ ਕਈ ਕਹਾਣੀਆਂ ਦੇ ਉਲਥੇ ਹੋਏ ਹਨ। ਅੱਧੀਓਂ ਬਹੁਤੀਆਂ ਤਾਂ ਬੰਗਾਲੀ ਵਿਚ ਹੀ ਛਪੀਆਂ ਹੋਣ ਆਂ ਨੇ। ਇਕ ਗੱਲ ਏ, ਬੰਗਾਲੀ ਪਬਲਿਸ਼ਰ ਬੜੇ ਖਰੇ ਹੁੰਦੇ ਨੇ। ਇਕ ਬੰਗਾਲੀ ਪਬਲਿਸ਼ਰ ਨੇ ਇਕ ਵੇਰੀ ਮੇਰੀਆਂ ਦਸ ਬਾਰਾਂ ਕਹਾਣੀਆਂ ਉਲਥਾ ਕਰਵਾ ਕੇ ਛਪਵਾਈਆਂ ਸਨ। ਹੁਣ ਆਪਣੇ ਆਪ ਛੀ ਮਹੀਨਿਆਂ ਪਿਛੋਂ ਰਾਇਲਟੀ ਮਨੀ ਆਰਡਰ ਕਰ ਦਿੰਦਾ ਏ। ਨਾ ਮੈਂ ਕਦੀ ਉਥੇ ਗਿਆ ਨਾ ਕਦੀ ਓਹਨੂੰ ਪੁਛਿਆ ਏ। ਇਕ ਵੇਰ ਉਸ ਮੈਨੂੰ ਲਿਖਿਆ ਕਿ ਕੋਈ ਫ਼ਿਲਮ ਕੰਪਨੀ ਵਾਲੇ ਤੁਹਾਡੇ ਬਾਰੇ ਪੁਛਦੇ ਨੇ ਤੁਸੀਂ ਆ ਕੇ ਓਹਨਾਂ ਨੂੰ ਮਿਲੋ। ਮੈਂ ਉਸ ਨੂੰ ਲਿਖਿਆ ਭਈ ਫਿਲਮ ਕੰਪਨੀਆਂ ਵਿਚ ਸਿੱਖਾਂ ਦੀ ਕੋਈ ਪੁੱਛ ਗਿੱਛ ਨਹੀਂ ਤੇ ਨਾਲੇ ਘਰ ਦੇ ਏਡੀ ਦੂਰ ਜਾਣ ਕਿਥੇ ਦਿੰਦੇ ਨੇ। ਉਹਨਾਂ ਨੂੰ ਆਖ ਕੋਈ ਹੋਰ ਕਹਾਣੀ ਵਾਲਾ ਲੱਭ ਲੈਣ। ਕਈ ਵਾਰ ਰੇਡੀਓ ਵਾਲੇ ਚਿੱਠੀ ਘੱਲ ਦਿੰਦੇ ਨੇ ਆਓ ਜੀ ਆ ਕੇ ਰੇਡੀਓ ਤੇ ਕਹਾਣੀ ਸੁਣਾਓ। ਕਹਾਣੀ ਜਿਸ ਤਰ੍ਹਾਂ ਕੋਈ ਗਾਣਾ ਏ। ਯਾਰਾਂ ਦੋਸਤਾਂ ਵਿਚ ਤੇ ਹੋਇਆ ਨਾ ਕਦੀ ਬਹਿ ਕੇ ਸੁਣਾ ਦਿੱਤੀ। ਹੁਣ ਕੋਈ ਨਵੀਂ ਕਹਾਣੀ ਲਿਖੀ ਤਾਂ ਤੁਹਾਨੂੰ ਇਥੇ ਆ ਕੇ ਸੁਣਾਵਾਂਗਾ। ਹੁਣ ਮੈਨੂੰ ਆਗਿਆ ਦਿਓ।"

ਹੋਸਟਲੋਂ ਬਾਹਰ ਨਿਕਲਦਿਆਂ ਸਰੀਰ ਦਾ ਅੰਗ ਅੰਗ ਰੰਜਿਆ ਹੋਇਆ ਸੀ। ਸੜਕ ਤੇ ਕੁਝ ਬੜੇ ਸਜੇ ਤੇ ਰੱਜੇ ਹੋਏ ਸ਼ੁਹਦੇ ਜਹੇ ਬੰਦੇ ਇਧਰ ਉਧਰ ਜਾ ਰਹੇ ਸਨ। ਕੀ ਇਹਨਾਂ ਵੀ ਕਦੀ ਕੋਈ ਰੰਗਲੀ ਘੜੀ ਵੇਖੀ ਸੀ ? ਕੀ ਇਨ੍ਹਾਂ ਨੂੰ ਪਤਾ ਵੀ ਸੀ ਕਿ ਜੀਵਨ ਕੀ ਹੈ ?